THE EDUCATION STATE

EARLY CHILDHOOD

# ਪਰਿਵਰਤਨ: ਸਕੂਲ ਲਈ ਵਧੀਆ ਸ਼ੁਰੂਆਤ

## ਪਰਿਵਾਰਾਂ ਵਾਸਤੇ ਜਾਣਕਾਰੀ ਸ਼ੀਟ

**ਸਕੂਲ ਸ਼ੁਰੂ ਕਰਨਾ ਚੁਣੌਤੀਪੂਰਨ ਅਤੇ ਰੋਮਾਂਚਕ ਦੋਵੇਂ ਹੋ ਸਕਦਾ ਹੈ। ਇਹ ਜਾਣਕਾਰੀ ਸ਼ੀਟ ਦੱਸਦੀ ਹੈ ਕਿ ਤੁਹਾਡੇ ਬੱਚੇ ਦੀ ਸ਼ੁਰੂਆਤੀ ਬਚਪਨ ਦੀ ਸੇਵਾ ਕਿਵੇਂ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਵਧੀਆ ਸ਼ੁਰੂਆਤ ਕਰਨ ਲਈ ਸਹਾਇਤਾ ਕਰੇਗੀ।**

ਤੁਹਾਡਾ ਬੱਚਾ ਪਹਿਲਾਂ ਹੀ ਬਹੁਤ ਸਾਰੇ ਪਰਿਵਰਤਨਾਂ ਵਿੱਚੋਂ ਲੰਘ ਚੁੱਕਾ ਹੈ, ਜਿਵੇਂ ਕਿ:

- ਇਕ ਗਤੀਵਿਧੀ ਜਾਂ ਰੁਟੀਨ ਤੋਂ ਦੂਜੀ ਗਤੀਵਿਧੀ ਵਿੱਚ ਜਾਣਾ
- ਖੇਡਣ ਵਾਲੀਆਂ ਤਰੀਕਾਂ (ਪਲੇਅ ਡੇਟਾਂ) ਉੱਤੇ ਜਾਂ ਛੁੱਟੀਆਂ ਤੇ ਜਾਣਾ
- ਬਾਲ-ਸੰਭਾਲ ਜਾਂ ਕਿੰਡਰਗਾਰਟਨ ਸ਼ੁਰੂ ਕਰਨਾ।

ਇਹ ਤਜ਼ਰਬੇ ਤੁਹਾਨੂੰ ਇਸ ਗੱਲ ਦਾ ਅੰਦਾਜ਼ਾ ਦਿੰਦੇ ਹਨ, ਕਿ ਤੁਹਾਡਾ ਬੱਚਾ ਨਵੀਆਂ ਥਾਵਾਂ ਅਤੇ ਚੀਜ਼ਾਂ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦਾ ਹੈ, ਅਤੇ ਉਹਨਾਂ ਨੂੰ ਕਿਹੜੀ ਸਹਾਇਤਾ ਦੀ ਲੋੜ ਹੈ।

### ਸਕੂਲ ਦੀ ਵਧੀਆ ਸ਼ੁਰੂਆਤ ਕਿਉਂ ਮਹੱਤਵਪੂਰਣ ਹੈ?

ਸਕੂਲ ਵਿੱਚ ਵਧੀਆ ਸ਼ੁਰੂਆਤ ਤੁਹਾਡੇ ਬੱਚੇ ਦੀ ਮਦਦ ਕਰਦੀ ਹੈ:

- ਬਿਹਤਰ ਸਿੱਖਣ ਅਤੇ ਭਲਾਈ ਦੇ ਨਤੀਜੇ ਪ੍ਰਾਪਤ ਕਰਨਾ
- ਉਹਨਾਂ ਦੇ ਸਿੱਖਣ ਅਤੇ ਵਿਕਾਸ ਵਿੱਚ ਰੁਕਾਵਟਾਂ ਤੋਂ ਬਚਾਉਣਾ
- ਸੁਰੱਖਿਅਤ, ਆਤਮ-ਵਿਸ਼ਵਾਸੀ ਅਤੇ ਜੁੜਿਆ ਮਹਿਸੂਸ ਕਰਨਾ।

### ਆਪਣੇ ਬੱਚੇ ਨੂੰ ਸਕੂਲ ਵਿੱਚ ਦਾਖਲ ਕਰਨਾ

ਜ਼ਿਆਦਾਤਰ ਸਕੂਲ ਬੱਚਿਆਂ ਦੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਵਾਲੇ ਸਾਲ ਦੇ ਮਈ ਮਹੀਨੇ ਵਿੱਚ ਦਾਖਲੇ ਲੈਣਾ ਸ਼ੁਰੂ ਕਰ ਦਿੰਦੇ ਹਨ। ਦਾਖਲਾ ਲੈਣਾ, ਤੁਹਾਨੂੰ ਸਕੂਲ ਨੂੰ ਜਾਣਨ ਅਤੇ ਸਕੂਲ ਦੀਆਂ ਪਰਿਵਰਤਨ ਵਾਲੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਵਧੇਰੇ ਮੌਕੇ ਦਿੰਦਾ ਹੈ। ਬੱਚੇ ਬਿਹਤਰ ਪਰਿਵਰਤਨ ਕਰਦੇ ਹਨ, ਜਦੋਂ ਇਹ ਗਤੀਵਿਧੀਆਂ ਸਾਲ ਦੇ ਅੰਤ ਤੋਂ ਕਾਫੀ ਪਹਿਲਾਂ ਸ਼ੁਰੂ ਹੋ ਜਾਂਦੀਆਂ ਹਨ, ਅਤੇ ਸਕੂਲ ਦੇ ਪਹਿਲੇ ਕੁਝ ਦਿਨਾਂ ਬਾਅਦ ਵੀ ਜਾਰੀ ਰਹਿੰਦੀਆਂ ਹਨ।

### ਸਕੂਲ ਵੱਲ ਨੂੰ ਪਰਿਵਰਤਨ ਦੇ ਪ੍ਰੋਗਰਾਮ ਅਤੇ ਗਤੀਵਿਧੀਆਂ

ਸਕੂਲ ਵੱਲ ਨੂੰ ਪਰਿਵਰਤਨ ਦੇ ਪ੍ਰੋਗਰਾਮ ਅਤੇ ਗਤੀਵਿਧੀਆਂ ਤੁਹਾਨੂੰ ਅਤੇ ਤੁਹਾਡੇ ਬੱਚੇ ਦੀ ਮਦਦ ਕਰਦੀਆਂ ਹਨ:

- ਸਮਝਣਾ ਕਿ ਸਕੂਲ ਕਿਹੋ ਜਿਹਾ ਹੋਵੇਗਾ
- ਦੂਸਰੇ ਬੱਚਿਆਂ ਅਤੇ ਪਰਿਵਾਰਾਂ ਨਾਲ ਦੋਸਤੀ ਕਰਨਾ।

### ਸਿੱਖਣ ਅਤੇ ਵਿਕਾਸ ਦਾ ਪਰਿਵਰਤਨ ਬਿਓਰਾ

ਤੁਹਾਡੇ ਬੱਚੇ ਦਾ ਮੁੱਢਲੇ ਬਚਪਨ ਵਾਲਾ ਅਧਿਆਪਕ, ਸਿੱਖਣ ਅਤੇ ਵਿਕਾਸ ਦੇ ਪਰਿਵਰਤਨ ਬਿਓਰੇ ਨੂੰ ਲਿਖੇਗਾ (ਜਿਸ ਨੂੰ ਪਰਿਵਰਤਨ ਬਿਓਰੇ ਵਜੋਂ ਜਾਣਿਆ ਜਾਂਦਾ ਹੈ)। ਪਰਿਵਰਤਨ ਬਿਓਰਾ ਤੁਹਾਡੇ ਬੱਚੇ ਦੇ ਸਕੂਲ ਅਤੇ ਪਰੈੱਪ ਦੇ ਅਧਿਆਪਕ ਨੂੰ ਤੁਹਾਡੇ ਬੱਚੇ ਬਾਰੇ ਜਾਣਨ ਅਤੇ ਉਹਨਾਂ ਦੀ ਸਿੱਖਣ ਵਾਲੀ ਯੋਜਨਾ ਬਨਾਉਣ ਵਿੱਚ ਮਦਦ ਕਰਦਾ ਹੈ। ਪਰਿਵਰਤਨ ਬਿਓਰੇ ਵਿੱਚ ਸ਼ਾਮਲ ਹੋਣਗੇ:

- ਤੁਹਾਡੇ ਬੱਚੇ ਦਾ ਨਾਮ, ਜਨਮ ਦੀ ਤਰੀਕ ਅਤੇ ਫੋਟੋ
- ਤੁਹਾਡਾ ਨਾਮ ਅਤੇ ਸੰਪਰਕ ਦੇ ਵੇਰਵੇ
- ਮੁੱਢਲੇ ਬਚਪਨ ਦੀ ਸੇਵਾ ਅਤੇ ਕਿਸੇ ਹੋਰ ਮੁੱਢਲੇ ਬਚਪਨ ਦੇ ਪੇਸ਼ੇਵਰਾਂ ਦੇ ਨਾਮ ਅਤੇ ਸੰਪਰਕ ਵੇਰਵੇ ਜੋ ਤੁਹਾਡੇ ਬੱਚੇ ਦਾ ਸਹਿਯੋਗ ਕਰ ਰਹੇ ਹਨ
- ਤੁਹਾਡੇ ਬੱਚੇ ਦੀਆਂ ਰੁਚੀਆਂ, ਹੁਨਰਾਂ ਅਤੇ ਯੋਗਤਾਵਾਂ ਬਾਰੇ ਜਾਣਕਾਰੀ
- ਤੁਹਾਡੇ ਬੱਚੇ ਵਾਸਤੇ ਸਭ ਤੋਂ ਵਧੀਆ ਅਧਿਆਪਨ ਰਣਨੀਤੀਆਂ।

ਜੇ ਤੁਹਾਡਾ ਬੱਚਾ ਸਕੂਲ ਦੇ ਸਮੇਂ ਤੋਂ ਬਾਹਰ ਦੀ ਸੰਭਾਲ (OSHC) ਵਿੱਚ ਜਾਵੇਗਾ, ਤਾਂ ਪਰਿਵਰਤਨ ਬਿਓਰੇ ਨੂੰ OSHC ਸੇਵਾ ਨਾਲ ਵੀ ਸਾਂਝਾ ਕੀਤਾ ਜਾਂਦਾ ਹੈ।

ਤੁਹਾਨੂੰ ਆਪਣੇ ਬੱਚੇ ਦੇ ਪੂਰੇ ਕੀਤੇ ਪਰਿਵਰਤਨ ਬਿਓਰੇ ਦੀ ਇਕ ਨਕਲ ਦਿੱਤੀ ਜਾਵੇਗੀ। ਇਹ ਤੁਹਾਨੂੰ ਆਪਣੇ ਬੱਚੇ ਦੀ ਸਿੱਖਿਆ ਨੂੰ ਸਮਝਣ, ਸਹਾਇਤਾ ਕਰਨ ਅਤੇ ਵਿਚਾਰ-ਵਟਾਂਦਰਾ ਕਰਨ ਵਿੱਚ ਮਦਦ ਕਰ ਸਕਦਾ ਹੈ।

ਤੁਹਾਡੇ ਬੱਚੇ ਦਾ ਪਰਿਵਰਤਨ ਬਿਓਰਾ ਮਦਦ ਕਰਦਾ ਹੈ:

- ਆਪਣੇ ਬੱਚੇ ਦੇ ਹਿੱਤਾਂ ਵਾਸਤੇ ਯੋਜਨਾ ਬਨਾਉਣ ਲਈ
- ਆਪਣੇ ਬੱਚੇ ਦੇ ਮੁੱਢਲੇ ਬਚਪਨ ਵਾਲੀ ਸੇਵਾ ਤੋਂ ਸਕੂਲ ਤੱਕ ਨਿਰਵਿਘਨ ਪਰਿਵਰਤਨ ਵਿੱਚ ਸਹਾਇਤਾ ਕਰਨ ਲਈ।

ਪਰਿਵਰਤਨ ਬਿਆਨ ਆਮ ਤੌਰ ਉੱਤੇ ਟਰਮ 4 ਵਿੱਚ ਲਿਖੇ ਜਾਂਦੇ ਹਨ। ਪਰ, ਜੇ ਤੁਹਾਡੇ ਬੱਚੇ ਨੂੰ ਅਪੰਗਤਾ ਜਾਂ ਵਿਕਾਸ ਵਿੱਚ ਦੇਰੀ ਹੈ, ਤਾਂ ਪਰਿਵਰਤਨ ਬਿਆਨ ਪਹਿਲਾਂ, ਜੂਨ ਜਾਂ ਜੁਲਾਈ ਵਿੱਚ ਲਿਖਿਆ ਜਾ ਸਕਦਾ ਹੈ। ਇਹ ਤੁਹਾਨੂੰ ਅਤੇ

VICTORIA State Government | Education and Training

ਸਕੂਲ ਨੂੰ ਤੁਹਾਡੇ ਬੱਚੇ ਨੂੰ ਲੋੜੀਂਦੀ ਕਿਸੇ ਵੀ ਵਾਧੂ ਮਦਦ ਦੀ ਯੋਜਨਾ ਬਨਾਉਣ ਵਿੱਚ ਮਦਦ ਕਰਦਾ ਹੈ।

ਪਰਿਵਰਤਨ ਬਿਓਰੇ ਵਿੱਚ ਤੁਹਾਡੇ ਲਈ ਭਰਨ ਲਈ ਇਕ ਹਿੱਸਾ ਹੈ। ਕਿਉਂਕਿ ਤੁਸੀਂ ਆਪਣੇ ਬੱਚੇ ਬਾਰੇ ਬਹੁਤ ਕੁਝ ਜਾਣਦੇ ਹੋ, ਇਸ ਲਈ ਤੁਹਾਡੇ ਸੁਝਾਅ ਕੀਮਤੀ ਹਨ। ਇਹ ਸਕੂਲ ਨੂੰ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਸਕੂਲ ਦੀ ਵਧੀਆ ਸ਼ੁਰੂਆਤ ਦੀ ਯੋਜਨਾ ਬਨਾਉਣ ਵਿੱਚ ਮਦਦ ਕਰੇਗਾ।

ਕਿਸੇ ਬਾਲਗ ਦੀ ਮਦਦ ਨਾਲ ਭਰਨ ਲਈ ਤੁਹਾਡੇ ਬੱਚੇ ਵਾਸਤੇ ਵੀ ਇਕ ਹਿੱਸਾ ਹੈ, ਜਿਵੇਂ ਕਿ ਤੁਸੀਂ ਜਾਂ ਉਸ ਦਾ ਸ਼ੁਰੂਆਤੀ ਬਚਪਨ ਦਾ ਸਿੱਖਿਅਕ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:

- ਇਕ ਡਰਾਇੰਗ
- ਤੁਹਾਡਾ ਬੱਚੇ ਦੀ ਸਕੂਲ ਬਾਰੇ ਕੀ ਉਤਸੁਕਤਾ ਹੈ
- ਉਹ ਸਕੂਲ ਸ਼ੁਰੂ ਕਰਨ ਬਾਰੇ ਕੀ ਸੋਚਦੇ ਹਨ।

## ਜਾਣਕਾਰੀ ਨੂੰ ਕਿਵੇਂ ਸਾਂਝਾ ਕੀਤਾ ਜਾਂਦਾ ਹੈ

ਪਰਿਵਰਤਨ ਬਿਓਰਿਆਂ ਨੂੰ Insight Assessment Platform ਦੀ ਵਰਤੋਂ ਕਰਕੇ ਔਨਲਾਈਨ ਰਾਂਹੀ ਸਾਂਝਾ ਕੀਤਾ ਅਤੇ ਸੰਭਾਲਿਆ ਜਾਂਦਾ ਹੈ। Insight Assessment Platform ਵਿੱਚਲੀ ਜਾਣਕਾਰੀ ਆਸਟ੍ਰੇਲੀਆ ਵਿੱਚ ਸੁਰੱਖਿਅਤ ਤਰੀਕੇ ਨਾਲ ਸੰਭਾਲੀ ਜਾਂਦੀ ਹੈ।

ਵਿਕਟੋਰੀਆ ਦੇ ਸਾਰੇ ਸਰਕਾਰੀ ਸਕੂਲ (ਅਤੇ ਕੁਝ ਕੈਥੋਲਿਕ ਅਤੇ ਸੁਤੰਤਰ ਸਕੂਲ) ਹਰੇਕ ਬੱਚੇ ਦੀ ਸਿੱਖਿਆ ਅਤੇ ਵਿਕਾਸ ਨੂੰ ਰਿਕਾਰਡ ਕਰਨ ਲਈ Insight Assessment Platform ਦੀ ਵਰਤੋਂ ਕਰਦੇ ਹਨ। ਜੇ ਤੁਹਾਡੇ ਬੱਚੇ ਦਾ ਸਕੂਲ Insight Assessment Platform ਦੀ ਵਰਤੋਂ ਨਹੀਂ ਕਰਦਾ, ਤਾਂ ਉਹਨਾਂ ਨੂੰ ਪਰਿਵਰਤਨ ਬਿਓਰੇ ਦੀ ਕਾਗਜ਼ੀ ਜਾਂ ਇਲੈਕਟ੍ਰੌਨਿਕ ਨਕਲ ਦਿੱਤੀ ਜਾਵੇਗੀ।

ਸਿੱਖਿਆ ਅਤੇ ਸਿਖਲਾਈ ਵਿਭਾਗ ਕਈ ਵਾਰ ਬਾਹਰੀ ਸੇਵਾ ਪ੍ਰਦਾਤਿਆਂ ਦੀ ਵਰਤੋਂ ਕਰਦਾ ਹੈ। ਵਿਭਾਗ ਲਈ ਕੰਮ ਕਰਨ ਵਾਲੇ ਸੇਵਾ ਪ੍ਰਦਾਤਿਆਂ ਨੂੰ ਲਾਜ਼ਮੀ ਤੌਰ ਤੇ ਡੈਟਾ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ। Insight Assessment Platform ਵਿਭਾਗ ਦੀ **ਜਾਣਕਾਰੀ ਪਰਦੇਦਾਰੀ ਨੀਤੀ ਦੀ ਪਾਲਣਾ ਕਰਦਾ ਹੈ** www.education.vic.gov.au/Pages/privacypolicy

ਵਿਭਾਗ ਨਿਗਰਾਨੀ ਅਤੇ ਖੋਜ ਲਈ ਪਰਿਵਰਤਨ ਬਿਓਰਿਆਂ ਤੋਂ ਜਾਣਕਾਰੀ ਦੀ ਵਰਤੋਂ ਕਰ ਸਕਦਾ ਹੈ। ਇਹ ਜਾਣਕਾਰੀ ਅੰਕੜਿਆਂ ਅਤੇ ਗ੍ਰਾਫਾਂ ਵਿੱਚ ਪੇਸ਼ ਕੀਤੀ ਜਾਵੇਗੀ ਅਤੇ ਬੱਚਿਆਂ ਦਾ ਨਾਮ **ਨਹੀਂ** ਲਿਆ ਜਾਵੇਗਾ।

Insight Assessment Platform ਬਾਰੇ ਵਧੇਰੇ ਜਾਣਕਾਰੀ ਵਾਸਤੇ, ਵਿਭਾਗ ਨਾਲ ਇੱਥੇ ਸੰਪਰਕ ਕਰੋ psts@edumail.vic.gov.au

ਕਈ ਵਾਰ ਵਿਕਟੋਰੀਆ ਦੇ ਸਿੱਖਿਆ ਅਤੇ ਸੰਭਾਲ ਪੇਸ਼ੇਵਰਾਂ ਨੂੰ ਬੱਚੇ ਦੀ ਭਲਾਈ ਜਾਂ ਸੁਰੱਖਿਆ ਨੂੰ ਉਤਸ਼ਾਹਤ ਕਰਨ ਲਈ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੁੰਦੀ ਹੈ। ਤੁਹਾਡੀ ਸ਼ੁਰੂਆਤੀ ਬਚਪਨ ਦੀ ਸਿੱਖਿਆ ਸੇਵਾ ਤੁਹਾਡੇ ਬੱਚੇ ਅਤੇ ਪਰਿਵਾਰ ਬਾਰੇ ਜਾਣਕਾਰੀ ਸਾਂਝੀ ਕਰ ਸਕਦੀ ਹੈ, ਜਿੱਥੇ ਸੰਭਾਲ, ਭੇਦਭਾਵ ਵਿਰੋਧੀ, ਕਿੱਤਾਕਾਰੀ ਸਿਹਤ ਅਤੇ ਸੁਰੱਖਿਆ, ਅਤੇ ਬਾਲ ਤੰਦਰੁਸਤੀ ਅਤੇ ਸੁਰੱਖਿਆ ਜ਼ਿੰਮੇਵਾਰੀਆਂ ਦੇ ਆਪਣੇ ਫਰਜ਼ਾਂ ਨੂੰ ਪੂਰਾ ਕਰਨਾ ਜ਼ਰੂਰੀ ਹੋਵੇ। ਵਧੇਰੇ ਜਾਣਕਾਰੀ ਵਾਸਤੇ, ਵੇਖੋ https://www.vic.gov.au/information-sharing-schemes-and-the-maram-framework

## ਵਧੇਰੇ ਜਾਣਕਾਰੀ ਵਾਸਤੇ

ਕਿਰਪਾ ਕਰਕੇ ਵੇਖੋ www.education.vic.gov.au/transitiontoschool

ਇਹ ਦਸਤਾਵੇਜ਼ www.education.vic.gov.au/transitiontoschool ਵਿਖੇ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ।